# ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ

(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)

ਵਿਸ਼ਾ : **ਪੇਪਰ ਕਟਿੰਗ ਅਤੇ ਟਰਿਮਿੰਗ, ਸਫ਼ੇਦ ਅਤੇ ਰੰਗਦਾਰ, ਵੇਸਟ ਪੇਪਰ, ਗੱਤਾ, ਰੈਪਰ/ਵੇਸਟ ਪੇਪਰ ਆਦਿ ਦੀ ਵਿਕਰੀ ਲਈ ਕੁਟੇਸ਼ਨਾਂ ਮੰਗਵਾਉਣ ਸਬੰਧੀ।**

ਯੂਨੀਵਰਸਿਟੀ ਪ੍ਰੈਸ ਵਿੱਚ ਪੇਪਰ ਕਟਿੰਗ ਅਤੇ ਟਰਿਮਿੰਗ, ਸਫ਼ੇਦ ਅਤੇ ਰੰਗਦਾਰ, ਵੇਸਟ ਪੇਪਰ, ਗੱਤਾ, ਰੈਪਰ/ਬੈਟਨ ਪੇਪਰ, ਅਤੇ ਕਿਤਾਬਾਂ ਆਦਿ ਵੇਚਣ ਲਈ ਸੀਲਡ ਟੈਂਡਰ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਮੰਗੇ ਜਾਂਦੇ ਹਨ :

1. ਇਹ ਟੈਂਡਰ ਪਹਿਲੀ ਵਾਰ ਪੇਪਰ ਕਟਿੰਗ ਅਤੇ ਵੇਸਟ ਪੇਪਰ ਆਦਿ ਚੁੱਕਣ ਦੀ ਮਿੱਤੀ ਤੋਂ ਇੱਕ ਸਾਲ ਦੇ ਸਮੇਂ ਲਈ ਹੋਵੇਗਾ।
2. ਸਫ਼ਲ ਟੈਂਡਰ ਕਰਤਾ ਪੇਪਰ ਕਟਿੰਗ ਆਦਿ ਹਰ ਬਦਲਵੇਂ ਮਹੀਨੇ ਦੇ ਪਹਿਲੇ ਹਫ਼ਤੇ ਜਾਂ ਯੂਨੀਵਰਸਿਟੀ ਪ੍ਰੈਸ ਤੋਂ ਮਿਲੀ ਸੂਚਨਾ ਅਨੁਸਾਰ ਦਿੱਤੀ ਮਿੱਤੀ ਨੂੰ ਚੁੱਕੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਵਲੋਂ ਜ਼ੁਰਮਾਨਾ ਆਦਿ ਲਗਾਇਆ ਜਾ ਸਕਦਾ ਹੈ।
3. ਰਜਿਸਟਰਾਰ ਸਾਹਿਬ ਨੂੰ ਕਿਸੇ ਵੀ ਟੈਂਡਰ ਨੂੰ ਰੱਦ ਕਰਨ ਦਾ ਅਖ਼ਤਿਆਰ ਹੋਵੇਗਾ, ਇਸ ਸਬੰਧੀ ਵਿੱਚ ਕੋਈ ਚਿੱਠੀ ਪੱਤਰ ਨਹੀਂ ਕੀਤਾ ਜਾਵੇਗਾ ਅਤੇ ਨਾਂ ਹੀ ਕੋਈ ਕਾਰਨ ਦੱਸਣ ਜ਼ਰੂਰੀ ਹੋਵੇਗਾ।
4. ਮਾਲ ਦੀ ਛਟਾਈ, ਚੁੱਕਾਈ, ਪੈਕਿੰਗ ਅਤੇ ਤੁਲਾਈ ਆਦਿ ਦਾ ਸਾਰਾ ਪ੍ਰਬੰਧ ਟੈਂਡਰ ਕਰਤਾ ਦੁਆਰਾ ਕੀਤਾ ਜਾਵੇਗਾ। ਤੁਲਾਈ ਆਦਿ ਰਜਿਸਟਰਾਰ ਸਾਹਿਬ ਵਲੋ ਨਾਮਜਦ ਕਮੇਟੀ ਰਾਹੀਂ ਕਰਵਾਈ ਜਾਵੇਗੀ।
5. ਯੂਨੀਵਰਸਿਟੀ ਪ੍ਰੈਸ ਤੋਂ ਰੱਦੀ ਚੁੱਕਣ ਅਤੇ ਗੇਟ ਪਾਸ ਬਣਵਾਉਣ ਤੋਂ ਪਹਿਲਾਂ ਮਾਲ ਦੀ ਬਣਦੀ ਰਕਮ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਉਸਦੀ ਰਸੀਦ ਪ੍ਰੈਸ ਵਿਖੇ ਜਮ੍ਹਾਂ ਕਰਵਾਉਣੀ ਹੋਵੇਗੀ।
6. ਪ੍ਰੈਸ ਵਿਖੇ ਰੱਦੀ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ ਦੱਸ ਵਜੇ ਤੋਂ ਸ਼ਾਮ ਤਿੰਨ ਵਜੇ ਤੱਕ ਵੇਖੀ ਜਾ ਸਕਦੀ ਹੈ।
7. ਟੈਂਡਰ ਉਤੇ ਕੋਈ ਕਟਿੰਗ ਆਦਿ ਜਾਂ ਲਿਖਤ ਵਿੱਚ ਕੋਈ ਅਦਲਾ ਬਦਲੀ ਉਚਿੱਤ ਨਹੀਂ ਸਮਝੀ ਜਾਵੇਗੀ। ਪਰ ਜੇ ਕੋਈ ਮਾਮੂਲੀ ਤਬਦੀਲੀ ਹੋਵੇ ਤਾਂ ਉਸ ਤੇ ਹਸਤਾਖ਼ਰ ਜ਼ਰੂਰ ਕੀਤਾ ਜਾਣ।
8. ਟੈਂਡਰ ਫ਼ੀਸ ਵਜੋਂ 100/- ਰੁਪਏ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਰਸੀਦ ਦੇਣ ਉਪਰੰਤ ਟੈਂਡਰ ਫ਼ਾਰਮ ਪ੍ਰੈਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਟੈਂਡਰ ਫ਼ੀਸ ਕਿਸੇ ਵੀ ਸੂਰਤ ਵਿੱਚ ਵਾਪਸ ਨਹੀਂ ਹੋਵੇਗੀ।
9. ਹਰੇਕ ਟੈਂਡਰ ਕਰਤਾ ਨੂੰ ਟੈਂਡਰ ਦੇ ਨਾਲ ਹੀ ਪੰਜ ਹਜ਼ਾਰ ਰੁਪਏ ਦੀ ਰਕਮ ਕਮਿਊਲੇਟਿਵ ਡਿਪਾਜ਼ਿਟ ਰਸੀਦ ਅਰਨੈਸਟ ਮਨੀ ਵਜੋਂ ਰਜਿਸਟਰਾਰ ਦੇ ਨਾਂ ਤੇ ਬੈਂਕ ਵਿੱਚ ਜਮ੍ਹਾਂ ਕਰਨੀ ਹੋਵੇਗੀ। ਵੱਧ ਤੋਂ ਵੱਧ ਰੇਟ ਆਫ਼ਰ ਕਰਨ ਵਾਲੇ ਪਹਿਲੇ ਤਿੰਨ ਟੈਂਡਰ ਕਰਤਾਵਾਂ ਦੀ ਅਰਨੈਸਟ ਮਨੀ ਰੱਖ ਕੇ ਬਾਕੀ ਸਾਰੀਆਂ ਦੀ ਅਰਨੈਸਟ ਮਨੀ ਜਲਦੀ ਤੋਂ ਜਲਦੀ ਵਾਪਸ ਕਰ ਦਿੱਤੀ ਜਾਵੇਗੀ। ਅੰਤਿਮ ਫੈਸਲਾ ਹੋਣ ਤੇ ਬਾਕੀ ਦੇ ਦੋ ਟੈਂਡਰ ਕਰਤਾਵਾਂ ਦੀ ਅਰਨੈਸਟ ਮਨੀ ਵੀ ਦੋ ਹਫ਼ਤਿਆਂ ਦੇ ਅੰਦਰ-ਅੰਦਰ ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਉਪਰੰਤ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ।
10. ਸਫ਼ਲ ਟੈਂਡਰ ਕਰਤਾ ਦੀ ਡਿਪਾਜ਼ਿਟ ਰਸੀਦ/ਯੂਨੀ. ਕੈਸ਼ੀਅਰ ਕੋਲ ਜਮ੍ਹਾਂ ਕਰਵਾਈ ਗਈ ਰਾਸ਼ੀ ਦੀ ਰਸੀਦ ਯੂਨੀਵਰਸਿਟੀ ਪ੍ਰੈਸ ਕੋਲ ਸਕਿਉਰਿਟੀ ਵਜੋਂ ਜਮ੍ਹਾਂ ਰਹੇਗੀ। ਇਹ ਸਕਿਉਰਿਟੀ ਦੀ ਰਕਮ ਉਨ੍ਹਾਂ ਵਲੋਂ ਅਖੀਰਲੀ ਵਾਰ ਮਾਲ ਚੁੱਕਣ ਤੇ ਬਣਦੀ ਰਾਸ਼ੀ ਜਮ੍ਹਾਂ ਕਰਵਾਉਣ ਸਮੇਂ ਅਡਜਸਟ ਕਰ ਦਿੱਤੀ ਜਾਵੇਗੀ।
11. ਯੂਨੀਵਰਸਿਟੀ ਦੇ ਹਿੱਤ ਨੂੰ ਮੁੱਖ ਰਖਦੇ ਹੋਏ ਕਿਸੇ ਵੀ ਸ਼ਰਤ ਉਤੇ ਕਿਸੇ ਵੀ ਸਮੇਂ ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਨਾਲ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਦੇ ਫੈਸਲੇ ਅਨੁਸਾਰ ਹੀ ਲਾਗੂ ਹੋਵੇਗੀ।
12. ਕਿਸੇ ਪ੍ਰਕਾਰ ਦਾ ਵਾਦ-ਵਿਵਾਦ ਪੈਦਾ ਹੋ ਜਾਣ ਦੀ ਸੂਰਤ ਵਿੱਚ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਦਾ ਫੈਸਲਾ ਅੰਤਿਮ ਹੋਵੇਗਾ।
13. ਬੰਦ ਲਿਫ਼ਾਫੇ ਵਿੱਚ ਨਿਰਧਾਰਤ ਫ਼ਾਰਮ ਉਪਰ ਜਿਨ੍ਹਾਂ ਉਤੇ ਪੇਪਰ ਕਟਿੰਗ ਅਤੇ ਬੇਟਨ ਪੇਪਰ ਆਦਿ ਦਾ ਟੈਂਡਰ ਲਿਖਿਆ ਹੋਵੇ ਪ੍ਰੈਸ ਵਿਖੇ ਮਿਤੀ 6/1/2022 ਸ਼ਾਮ 5 ਵਜੇ ਤੱਕ ਪੁੱਜਦੇ ਹੋਣੇ ਚਾਹੀਦੇ ਹਨ।

3/1/22

ਨਿਗਰਾਨ (ਪ੍ਰੈਸ)

**ਪ੍ਰੋਫ਼ੈਸਰ ਇੰਚਾਰਜ (ਪ੍ਰੈਸ)**

ਪਟਿਆਲਾ

3/1/2022

ਡਾਇਰੈਕਟਰ ਲੋਕ ਸੰਪਰਕ